# ਭਾਅ ਜੀ ਕਿਤੇ ਨਹੀਂ ਗਏ...!

ਬਲਦੇਵ ਸਿੰਘ 'ਸੜਕਨਾਮਾ'

1978 ਦੀ ਗੱਲ ਹੈ, ਮੈਂ ਉਦੋਂ ਕਲਕੱਤੇ ਸਾਂ। ਟਰਾਂਸਪੋਰਟ ਕਾਰੋਬਾਰ ਵਿਚ ਅਜੇ ਪੈਰਾਂ ਸਿਰ ਨਹੀਂ ਸਾਂ ਹੋਇਆ, ਉਂਜ ਪੰਜਾਬੀ ਸਾਹਿਤ ਸਭਾ ਕਲਕੱਤਾ ਨਾਲ ਜੁੜ ਗਿਆ ਸਾਂ। ਇਕ ਦਿਨ ਹਰਦੇਵ ਸਿੰਘ ਗਰੇਵਾਲ ਨੇ ਦੱਸਿਆ, ਪੰਜਾਬ ਤੋਂ ਭਾਅ ਜੀ ਗੁਰਸ਼ਰਨ ਸਿੰਘ ਡਰਾਮੇ ਖੇਡਣ ਆ ਰਹੇ ਨੇ। ਮੈਂ ਨਾਮ ਜ਼ਰੂਰ ਸੁਣਿਆ ਸੀ, ਪਰ ਨਾ ਉਨ੍ਹਾਂ ਨੂੰ ਮਿਲਿਆ ਸਾਂ, ਨਾ ਕੋਈ ਉਨ੍ਹਾਂ ਵੱਲੋਂ ਖੇਡਿਆ ਡਰਾਮਾ ਵੇਖਣ ਦਾ ਮੌਕਾ ਮਿਲਿਆ ਸੀ।

ਕਲਕੱਤੇ ਦੇ ਇਕ ਨਾਮੀ ਸਕੂਲ ਦਾ ਸਾਊਂਡ ਪਰੂਫ ਏ.ਸੀ. ਇਨਡੋਰ ਆਡੀਟੋਰੀਅਮ। ਪੰਜਾਬੀ ਦਰਸ਼ਕਾਂ ਨਾਲ ਤੂੜਿਆ ਹਾਲ। ਸਾਹਮਣੇ ਬਿਲਕੁਲ ਖ਼ਾਲੀ ਸਟੇਜ, ਨਾ ਕੋਈ ਸੈੱਟ, ਨਾ ਲਾਈਟਾਂ, ਨਾ ਡਿੱਮਰ। ਭਾਵੇਂ ਉਥੇ ਨਾਟਕ ਕਰਨ ਲਈ ਸਾਰੀਆਂ ਆਧੁਨਿਕ ਸਹੂਲਤਾਂ ਸਨ। ਕਿਉਂਕਿ....ਬੰਗਾਲੀ ਕਲਚਰ ਵਿਚ ਨਾਟਕ ਜਾਂ ਥੀਏਟਰ ਦੀ ਬਹੁਤ ਹੀ ਅਹਿਮੀਅਤ ਹੈ।

ਪਹਿਲਾਂ ਭਾਅ ਜੀ ਗੁਰਸ਼ਰਨ ਸਿੰਘ ਦੀ ਟੀਮ ਨੇ 'ਤੂਤਾਂ ਵਾਲਾ ਖੂਹ' ਨਾਟਕ ਖੇਡਿਆ। ਮੈਂ ਸਧਾਰਨ ਦਰਸ਼ਕ...ਜਿਨ੍ਹਾਂ ਨੂੰ ਨਾਟਕ ਵੇਖਣ ਦੀ ਆਦਤ ਤੱਕ ਨਹੀਂ ਸੀ ਬਣੀ, ਰੋਂਦੇ ਵੇਖੇ। ਖਚਾਖਚ ਭਰੇ ਹਾਲ ਵਿਚ ਦਰਸ਼ਕ ਸੁੰਨ ਹੋਏ ਬੈਠੇ ਸਨ। ਜਦ ਦੂਸਰਾ ਨਾਟਕ ਸ਼ੁਰੂ ਹੋਇਆ, ਭਾਅ ਜੀ ਸਟੇਜ ਉੱਪਰ ਆਏ...ਬੱਚਿਆਂ ਨੂੰ ਦੀਵਾਰ ਵਿਚ ਚਿਣਿਆ ਜਾ ਰਿਹਾ ਸੀ....ਤੇ ਭਾਅ ਜੀ ਦਰਸ਼ਕਾਂ ਨੂੰ ਸੰਬੋਧਨ ਸਨ...ਕੰਧ ਇਥੋਂ ਤੱਕ ਆ ਗਈ...ਕੰਧ ਮੋਢਿਆਂ ਤੱਕ...ਵਿਚ-ਵਿਚ ਉਹ ਦੋਹਾਂ ਸਾਹਿਬਜ਼ਾਦਿਆਂ ਦੇ ਵਾਰਤਾਲਾਪ ਦੀ ਗੱਲ ਕਰ ਰਹੇ ਸਨ।...ਔਰਤਾਂ ਨੇ ਆਪਣੀਆਂ ਛਾਤੀਆਂ ਉਪਰ ਹੱਥ ਰੱਖੇ ਹੋਏ ਸਨ ਤੇ ਅੱਖਾਂ ਭਰ ਰਹੀਆਂ ਸਨ।...ਦੀਵਾਰ ਗਲ ਤੱਕ ਆ ਗਈ...ਦੀਵਾਰ ਸਿਰ ਤੱਕ ਆ ਗਈ....ਤੇ ਫਿਰ ਤਾਂ ਦਰਸ਼ਕਾਂ ਤੋਂ ਜਿਵੇਂ ਸੁਣਿਆ ਹੀ ਨਹੀਂ ਗਿਆ...ਭਾਅ ਜੀ ਭਰੇ ਗਲੇ ਵਿਚੋਂ ਬੋਲੇ, ਫਿਰ ਕੋਈ ਆਵਾਜ਼ ਨਹੀਂ ਆਈ।...ਉਨ੍ਹਾਂ ਦਾ ਸਿਰ ਝੁਕ ਗਿਆ, ਕੁਝ ਦੇਰ ਬਾਅਦ ਉਹ ਗਰਜੇ, ਇਹ ਕੂੜ ਦੀ ਕੰਧ ਕਦੋਂ ਟੁੱਟੇਗੀ? ਅਸੀਂ ਜ਼ੁਲਮ ਕਦ ਤੱਕ ਸਹਾਂਗੇ..ਜਾਗੋ ਮੇਰੇ ਲੋਗੋ...ਜਾਗੋ....

ਦਰਸ਼ਕ ਤਾੜੀਆਂ ਮਾਰਨਾ ਵੀ ਭੁੱਲ ਗਏ ਸਨ। ਇਹ ਤਾਂ ਇਕ ਝਲਕ ਸੀ, ਭਾਅ ਜੀ ਦੇ ਅੰਦਾਜ਼ ਦੀ। ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਉਹ ਸਰੋਤਿਆਂ ਅਤੇ ਦਰਸ਼ਕਾਂ ਨੂੰ ਉਸ ਮਾਹੌਲ ਵਿਚ ਲੈ ਜਾਂਦੇ ਸਨ ਜਿਨ੍ਹਾਂ ਬਾਰੇ ਉਨ੍ਹਾਂ ਨੇ ਨਾਟਕ ਖੇਡਣਾ ਹੁੰਦਾ ਸੀ। ਇਹ ਉਨ੍ਹਾਂ ਦੀ ਤਕਨੀਕ ਅਤੇ ਸ਼ਖ਼ਸੀਅਤ ਦਾ ਕਮਾਲ ਸੀ, ਦਰਸ਼ਕ ਭਾਸ਼ਣ ਨੂੰ ਵੀ ਨਾਟਕ ਵਰਗੀ ਮਾਨਤਾ ਦਿੰਦੇ ਸਨ।

ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ; ਕਲਕੱਤੇ ਭਾਅ ਜੀ ਦੀ ਨਾਟ-ਸ਼ੈਲੀ ਨੇ ਮੈਨੂੰ ਏਨਾ ਪ੍ਰਭਾਵਿਤ ਕੀਤਾ, ਅਸੀਂ ਕੁਝ ਦੋਸਤਾਂ ਨੇ ਰਲ ਕੇ, ਰੰਗਮੰਚ ਕਲਕੱਤਾ ਨਾਟਕ

ਮੰਡਲੀ ਬਣਾ ਲਈ। ਗਾਹੇ-ਬਗਾਹੇ ਮੈਂ ਬਾਦਲ ਸਰਕਾਰ ਦੇ ਨੁੱਕੜ-ਨਾਟਕ ਵੇਖਦਾ ਰਹਿੰਦਾ ਸਾਂ। ਉਨ੍ਹਾਂ ਦੀ ਸ਼ੈਲੀ ਵੀ ਗੁਰਸ਼ਰਨ ਭਾਅ ਜੀ ਵਾਲੀ ਸੀ। ਉਹ ਤਾਂ ਕਲਾਕਾਰਾਂ ਦੇ ਕੱਪੜੇ ਵੀ ਨਹੀਂ ਸਨ ਬਦਲਦੇ। ਦਰਸ਼ਕਾਂ ਨੂੰ ਆਖਣਾ...ਤੁਸੀਂ ਮਹਿਸੂਸ ਕਰੋ, ਕਲਪਨਾ ਕਰੋ, ਤੁਹਾਡੇ ਸਾਹਮਣੇ ਕੋਈ ਟਾਈ ਅਤੇ ਸੂਟ-ਬੂਟ ਪਹਿਨੀ ਕੋਈ ਬਾਬੂ ਨਹੀਂ ਹੈ...ਕਾਰਖਾਨੇ ਦਾ ਫ਼ਟੇ ਕੱਪੜਿਆਂ ਵਾਲਾ ਮਜ਼ਦੂਰ ਖੜ੍ਹਾ ਹੈ! ਮੈਂ ਗੁਰਸ਼ਰਨ ਭਾਅ ਜੀ ਨੂੰ ਪੰਜਾਬੀ ਰੰਗਮੰਚ ਦਾ ਬਾਦਲ ਸਰਕਾਰ ਸਮਝਦਾ ਹਾਂ।

ਉਹ ਸੰਪੂਰਨ ਤੌਰ 'ਤੇ ਪੰਜਾਬੀ ਨਾਟਕ ਨੂੰ ਸਮਰਪਿਤ ਸਨ। ਤਾਂ ਹੀ ਉਨ੍ਹਾਂ ਨੇ "ਵੱਡੀ" ਨੌਕਰੀ ਅਤੇ "ਉੱਜਲੇ" ਭਵਿੱਖ ਦੀ ਪਰਵਾਹ ਨਾ ਕਰਦਿਆਂ, ਆਪਣੀ ਸਾਰੀ ਸ਼ਕਤੀ ਨਾਟਕਾਂ ਰਾਹੀਂ ਆਮ ਲੋਕਾਂ ਨੂੰ ਚੇਤੰਨ ਅਤੇ ਜਾਗ੍ਰਿਤ ਕਰਨ ਲਈ ਝੋਕ ਦਿੱਤੀ। ਉਹ ਨਾਟਕ ਨੂੰ ਈਲੀਟ ਵਰਗ ਵਿਚੋਂ ਕੱਢ ਕੇ ਗਰੀਬਾਂ ਅਤੇ ਕਿਰਤੀਆਂ ਦੇ ਵਿਹੜਿਆਂ ਤੱਕ ਲੈ ਗਏ। ਨਾ ਉਨ੍ਹਾਂ ਕਦੇ ਚੰਗੇ ਢੰਗ ਦੀ ਸਟੇਜ ਲਈ ਨਾਟਕ-ਮੰਚਨ ਵਿਚ ਖੜੋਤ ਆਉਣ ਦਿੱਤੀ, ਨਾ ਉਨ੍ਹਾਂ ਨੂੰ ਕਦੇ ਚੰਗੇ ਪ੍ਰਬੰਧ ਜਾਂ ਆਉ-ਭਗਤ ਦੀ ਘਾਟ ਰੜਕੀ। ਨਾ ਕਦੇ ਆਰਥਿਕ-ਪੱਖੋਂ ਉਨ੍ਹਾਂ ਸੰਸਥਾਵਾਂ ਜਾਂ ਸਭਾਵਾਂ ਨਾਲ ਨਰਾਜ਼ਗੀ ਜ਼ਾਹਰ ਕੀਤੀ। ਜਿਸਨੇ ਜੋ ਦਿੱਤਾ, ਲੈ ਲਿਆ। ਪਿੰਡਾਂ ਦੀਆਂ ਥੜ੍ਹੀਆਂ ਉੱਪਰ, ਰੂੜੀਆਂ ਉੱਪਰ, ਕਈ ਵਾਰ ਤਾਂ ਗੱਡੇ ਜੋੜ ਕੇ ਉਨ੍ਹਾਂ ਨਾਟਕਾਂ ਰਾਹੀਂ ਆਪਣਾ ਸੁਨੇਹਾ ਦੇਣਾ ਜਾਰੀ ਰੱਖਿਆ। ਕੁਝ ਸੂਖ਼ਮ ਬਿਰਤੀ ਦੇ ਨਾਟਕਕਾਰਾਂ ਨੇ ਉਨ੍ਹਾਂ ਦੀ ਨਾਟ-ਸ਼ੈਲੀ ਉੱਪਰ ਦੂਸ਼ਣ ਵੀ ਲਾਏ...ਭਾਅ ਜੀ ਬੜੇ ਲਾਊਡ ਨਾਟਕ ਖੇਡਦੇ ਹਨ। ਉਹ ਖਿੜੇ-ਮੱਥੇ ਸਵੀਕਾਰਦੇ ਸਨ ਤੇ ਆਖਦੇ ਸਨ...ਬੋਲ਼ੇ ਹੋ ਚੁੱਕੇ ਲੋਕਾਂ ਨੂੰ ਲਾਊਡ ਬੋਲ ਕੇ ਹੀ ਸੁਣਾਇਆ ਜਾ ਸਕਦਾ ਹੈ। ਭਗਤ ਸਿੰਘ ਨੇ ਵੀ ਬੋਲ਼ੇ ਲੋਕਾਂ ਨੂੰ ਸੁਣਾਉਣ ਲਈ ਅਸੈਂਬਲੀ 'ਚ ਬੰਬ ਸੁੱਟਿਆ ਸੀ।

ਭਾਅ ਜੀ, ਉਨ੍ਹਾਂ ਦੇ ਬਰਾਬਰ ਸਾਰੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਚੱਲ ਰਹੇ ਨਾਟਕ ਬਾਰੇ ਕਦੇ ਪਰਵਾਹ ਨਹੀਂ ਸੀ ਕਰਦੇ। ਉਹ ਆਖਦੇ, 'ਕਰਨ ਪਏ ਜੋ ਕਰਦੇ ਨੇ। ਪੰਜਾਬੀ ਥੀਏਟਰ ਵਿਕਾਸ ਕਰ ਰਿਹੈ। ਚੰਗੀ ਗੱਲ ਏ। ਪਰ ਜੋ ਮੈਂ ਕਰਨਾ ਪਿਆ ਹਾਂ, ਓਹੀ ਕਰਦਾ ਰਹਾਂਗਾ...।' ਸਹੀ ਅਰਥਾਂ ਵਿਚ ਜੇ ਭਾਅ ਜੀ ਦੇ ਸਮੁੱਚੇ ਕਾਰਜ ਦੀ ਗੱਲ ਕਰਨੀ ਹੋਵੇ ਤਾਂ ਉਹ ਇਕ 'ਟਰੇਂਡ-ਸੈਂਟਰ' ਸਨ। ਉਨ੍ਹਾਂ ਦੀਆਂ ਵਰੋਸਾਈਆਂ ਨਾਟਕ ਮੰਡਲੀਆਂ ਪਿੰਡ-ਪਿੰਡ ਫੈਲੀਆਂ ਹੋਈਆਂ ਸਨ। ਗੁਰਸ਼ਰਨ ਸਿੰਘ ਨੇ ਆਮ ਪੇਂਡੂ ਬੰਦੇ ਨੂੰ ਨਾਟਕ ਦੇਖਣ ਦੀ ਆਦਤ ਪਾਈ ਅਤੇ ਖਾਸ ਕਰਕੇ ਪੇਂਡੂ ਔਰਤਾਂ ਨੂੰ। ਜਿਥੇ ਦਰਸ਼ਕਾਂ ਵਿਚ ਔਰਤਾਂ ਨਹੀਂ ਸਨ ਹੁੰਦੀਆਂ, ਉਥੇ ਭਾਅ ਜੀ ਨੇ ਆਖਣਾ...'ਮਾਵਾਂ, ਧੀਆਂ, ਭੈਣਾਂ ਕਿਉਂ ਨਹੀਂ ਆਈਆਂ? ਮੈਂ ਨਾਟਕ ਉਨ੍ਹਾਂ ਲਈ ਲੈ ਕੇ ਆਇਆ ਹਾਂ। ਜਦ ਤੱਕ ਨਹੀਂ ਆਉਣਗੀਆਂ-ਮੈਂ ਨਾਟਕ ਨਹੀਂ ਕਰਾਂਗਾ।'...ਔਰਤਾਂ ਨੂੰ ਖਾਸ ਕਰਕੇ ਪੇਂਡੂ ਔਰਤਾਂ ਨੂੰ ਮਰਦਾਂ ਦੇ ਬਰਾਬਰ ਬੈਠ ਕੇ ਨਾਟਕ ਦੇਖਣ ਦੀ ਜੁੱਰਅਤ ਪੈਦਾ ਕਰਨਾ, ਇਹ ਕੋਈ ਨਿੱਕੀ-ਮੋਟੀ ਗੱਲ ਨਹੀਂ ਸੀ। ਜੇ ਅੱਜ ਸਕੂਲੀ ਸਰਟੀਫਿਕੇਟ ਵਿਚ ਵਿਦਿਆਰਥੀ ਦੇ ਪਿਤਾ ਦੇ ਨਾਮ ਨਾਲ ਮਾਤਾ ਦਾ ਨਾਮ ਵੀ ਦਰਜ ਹੈ ਤਾਂ ਇਹ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਚਲਾਈ ਸਫ਼ਲ ਮੁਹਿੰਮ ਦਾ ਨਤੀਜਾ ਹੈ।

ਪੰਜਾਬ ਉੱਪਰ ਝੁੱਲੀ ਕਾਲੀ ਹਨੇਰੀ ਦੇ ਦਿਨਾਂ ਵਿਚ ਜਦ ਕਹਿੰਦੇ-ਕਹਾਉਂਦੇ ਬੁੱਧੀਜੀਵੀ

ਅਤੇ ਵਿਦਵਾਨ ਆਪਣੇ ਘਰਾਂ ਦੇ ਅੰਦਰ ਦੁਬਕ ਗਏ, ਭਾਅ ਜੀ ਨੇ ਅਜਿਹੇ ਦਹਿਸ਼ਤ ਭਰੇ ਮਾਹੌਲ ਵਿਚ ਬੇ-ਖੌਫ਼ ਹੋ ਕੇ ਆਪਣੀ ਆਵਾਜ਼ ਲੋਕਾਂ ਤੱਕ ਪਹੁੰਚਾਈ। ਨਾ ਦਿਨ ਵੇਖਿਆ, ਨਾ ਰਾਤ। ਨਾ ਭਾਅ ਜੀ ਕਿਸੇ ਖਾੜਕੂ ਦੀ ਗੋਲੀ ਤੋਂ ਡਰੇ, ਨਾ ਸਰਕਾਰੀ ਗੋਲੀ ਤੋਂ। ਭਾਅ ਜੀ ਆਮ ਲੋਕਾਂ ਦੀਆਂ ਮੁਸ਼ਕਲਾਂ, ਸਮੱਸਿਆਵਾਂ, ਉਨ੍ਹਾਂ ਦੇ ਦੁੱਖ...ਲੋਕਾਂ ਕੋਲ ਗਏ। ਉਹ ਨਾਟਕਾਂ ਰਾਹੀਂ ਦਰਸ਼ਕਾਂ ਤੋਂ ਸੁਆਲ ਪੁੱਛਦੇ, ਸਰਹਿੰਦ ਦੀ ਦੀਵਾਰ ਵਿਚ ਬੱਚੇ ਨੀਹਾਂ ਵਿਚ ਚਿਣੇ ਗਏ, ਉਦੋਂ ਸਰਹਿੰਦ ਦੇ ਲੋਕ ਕਿਉਂ ਨਹੀਂ ਬੋਲੇ? ਹੁਣ ਤੁਹਾਡੇ ਬੱਚਿਆਂ ਨੂੰ ਜੇ ਨੀਹਾਂ ਵਿਚ ਨਹੀਂ ਚਿਣਿਆ ਜਾ ਰਿਹਾ ਤਾਂ ਸਲੂਕ ਉਸ ਨਾਲੋਂ ਚੰਗਾ ਵੀ ਨਹੀਂ ਹੋ ਰਿਹਾ। ਤੁਸੀਂ ਵੀ ਨਹੀਂ ਬੋਲਦੇ। ਮੇਰੇ ਲੋਗੋ! ਜਾਗੋ! ਸਾਡਾ ਸਮਾਜ ਸਦੀਆਂ ਤੋਂ ਉਥੇ ਦਾ ਉਥੇ ਈ ਖਲੋਤਾ ਹੋਇਐ।...ਤੁਸੀਂ ਨਹੀਂ ਜਾਗੇ ਤਾਂ ਤਬਦੀਲੀ ਕਿੱਦਾਂ ਆਵੇਗੀ..? ਅਜਿਹੀਆਂ ਗੱਲਾਂ ਸੁਣ ਕੇ ਦਰਸ਼ਕਾਂ ਦੀਆਂ ਰਗਾਂ ਵਿਚ ਦੌੜਦੇ ਲਹੂ ਵਿਚ ਤੇਜ਼ੀ ਆ ਜਾਂਦੀ।

ਭਾਅ ਜੀ ਸਮੇਂ ਦੇ ਹਾਕਮਾਂ ਨੂੰ, ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਢੰਗ ਨਾਲ ਚੁਣੌਤੀ ਦਿੰਦੇ ਸਨ ਜਦ ਉਹ ਆਖਦੇ ਸਨ...ਇਕ ਓਹ ਸਮਾਂ ਸੀ, ਇਕ ਇਹ ਸਮਾਂ ਹੈ...ਚੰਗੇਜ਼ ਅੱਜ ਵੀ ਜਿਉਂਦੇ ਨੇ, ਨਾਦਰਸ਼ਾਹ ਅੱਜ ਵੀ ਹੈਗੇ ਨੇ।...ਇਨ੍ਹਾਂ ਨੂੰ ਪਛਾਣੋ ਮੇਰੇ ਲੋਗੋ...!'

ਭਾਅ ਜੀ ਗੁਰਸ਼ਰਨ ਸਿੰਘ ਸਿਰਫ਼ ਨਾਟਕਾਂ ਰਾਹੀਂ ਹੀ ਲੋਕਾਂ ਨੂੰ ਜਾਗਰੂਕ ਨਹੀਂ ਕਰਦੇ ਸਨ, ਉਨ੍ਹਾਂ ਨੇ ਸਿਹਤਮੰਦ ਕਦਰਾਂ-ਕੀਮਤਾਂ ਵਾਲਾ ਸਾਹਿਤ ਸਸਤਾ ਛਾਪ ਕੇ ਪਾਠਕਾਂ ਤੱਕ ਪਹੁੰਚਾਉਣ ਦਾ ਬੀੜਾ ਚੁੱਕਿਆ। 'ਸਮਤਾ' ਮਾਸਕ ਪੱਤਰ ਵੀ ਕੱਢਿਆ, ਜਿਸ ਵਿਚ ਉਨ੍ਹਾਂ ਨੇ ਲੋਕ-ਪੱਖੀ ਵਿਚਾਰਾਂ ਨਾਲ ਜੁੜੇ ਲੇਖਕਾਂ ਨੂੰ ਛਾਪਣ ਲਈ ਵਿਸ਼ੇਸ਼ ਰੁਚੀ ਵਿਖਾਈ।

ਮੈਨੂੰ ਇਸ ਗੱਲ ਦਾ ਮਾਣ ਹਾਸਿਲ ਹੈ ਕਿ ਭਾਅ ਜੀ ਨੇ ਮੇਰੀ ਪਹਿਲੀ ਪੁਸਤਕ 'ਗਿੱਲੀਆਂ ਛਿੱਟੀਆਂ ਦੀ ਅੱਗ' (ਕਥਾ ਸੰਗ੍ਰਹਿ) 'ਬਲਰਾਜ ਸਾਹਨੀ ਯਾਦਗਾਰੀ ਪੁਸਤਕ ਮਾਲਾ' ਵੱਲੋਂ ਛਾਪੀ। ਬੰਗਾਲ ਦੇ ਕਵੀਆਂ ਦੀ ਸਾਂਝੀ ਪੁਸਤਕ 'ਪੂਰਬ ਦੀਆਂ ਕਿਰਨਾਂ' ਵੀ ਇਸੇ ਪ੍ਰਕਾਸ਼ਨ ਹੇਠ ਛਪੀ। ਪਾਠਕਾਂ ਤੱਕ ਪੁਸਤਕ ਪਹੁੰਚਾਉਣ ਦਾ ਉਨ੍ਹਾਂ ਦਾ ਆਪਣਾ ਨਿਵੇਕਲਾ ਢੰਗ ਸੀ। ਜਿਥੇ ਵੀ ਨਾਟਕ ਖੇਡਣ ਜਾਂਦੇ ਸਨ, ਆਪਣੀ ਪ੍ਰਕਾਸ਼ਨਾ ਦੀ ਪੁਸਤਕਾਂ ਦੀ ਪ੍ਰਦਰਸ਼ਨੀ ਜ਼ਰੂਰ ਲਾਉਂਦੇ ਸਨ। ਉਹੀ ਕਲਾਕਾਰ ਪਹਿਲਾਂ ਨਾਟਕ ਖੇਡਦੇ, ਫਿਰ ਪੁਸਤਕਾਂ ਵੇਚਣ ਲੱਗਦੇ ਤੇ ਉਹ ਪੁਸਤਕਾਂ ਹੱਥੋ-ਹੱਥ ਵਿਕ ਜਾਂਦੀਆਂ, ਕਿਉਂਕਿ ਉਨ੍ਹਾਂ ਨੂੰ ਖਰੀਦਣ ਲਈ ਭਾਅ ਜੀ ਦਰਸ਼ਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਦਿੰਦੇ।

ਭਾਅ ਜੀ ਹੋਰਾਂ ਇਕ ਹੋਰ ਨਵੀਂ ਪਿਰਤ ਪਾਈ। ਪੰਜਾਬੀ ਵਿਚ ਨਾਟਕਾਂ ਦੀਆਂ ਚੰਗੀਆਂ ਸਕ੍ਰਿਪਟਾਂ ਦੀ ਬੜੀ ਘਾਟ ਸੀ। ਭਾਅ ਜੀ ਨੇ ਵਧੀਆ ਕਹਾਣੀਆਂ ਅਤੇ ਨਾਵਲਾਂ ਦਾ ਨਾਟਕ-ਰੂਪਾਂਤਰਣ ਸ਼ੁਰੂ ਕੀਤਾ। ਉਨ੍ਹਾਂ ਨੇ ਸਿਹਤਮੰਦ ਕਦਰਾਂ-ਕੀਮਤਾਂ ਵਾਲੀਆਂ ਰਚਨਾਵਾਂ ਦੀ ਚੋਣ ਕੀਤੀ। ਲੇਖਕ ਦਾ ਵੱਡਾ ਜਾਂ ਛੋਟਾ ਨਾਮ ਨਹੀਂ ਵੇਖਿਆ। ਹੋਰ ਲੇਖਕਾਂ ਦੇ ਨਾਲ-ਨਾਲ ਉਨ੍ਹਾਂ ਮੇਰੀਆਂ ਕਹਾਣੀਆਂ 'ਸਵੇਰ ਦੀ ਲੋਅ' ਅਤੇ 'ਕਾਹਦਾ ਮਾਣ ਪੁੱਤਰਾਂ ਦਾ' ਦਾ ਨਾਟਕੀ ਰੁਪਾਂਤਰਣ ਕੀਤਾ। ਕ੍ਰਿਸ਼ਨ ਚੰਦਰ ਦੀ ਕਹਾਣੀ ਦਾ ਨਾਟਕੀ ਰੁਪਾਂਤਰਣ 'ਟੋਆ' ਤਾਂ ਪੰਜਾਬ ਦੇ ਬੱਚੇ-ਬੱਚੇ ਨੇ ਵੇਖਿਆ ਹੈ।

ਭਾਅ ਜੀ ਨੇ ਕੁਝ ਫਿਲਮਾਂ ਵੀ ਕੀਤੀਆਂ। ਟੀ.ਵੀ. ਉੱਪਰ ਉਨ੍ਹਾਂ ਦਾ ਲੜੀਵਾਰ 'ਭਾਈ ਮੰਨਾ ਸਿੰਘ' ਤਾਂ ਉਨ੍ਹਾਂ ਦੀ ਪਛਾਣ ਹੀ ਬਣ ਗਿਆ। ਪਰ ਉਹ ਸਟੇਜ ਉੱਪਰ

ਦਰਸ਼ਕਾਂ ਦੇ ਰੂ-ਬ-ਰੂ ਹੋ ਕੇ ਜੋ ਮਹਿਸੂਸ ਕਰਦੇ ਸਨ, ਉਹ ਸਕੂਲ ਟੀ.ਵੀ. ਜਾਂ ਫਿਲਮਾਂ ਰਾਹੀਂ ਉਨ੍ਹਾਂ ਨੂੰ ਨਹੀਂ ਮਿਲਦਾ ਸੀ।

ਮੁਲਤਾਨ ਵਿਚ 1929 ਨੂੰ ਭਾਅ ਜੀ ਦਾ ਜਨਮ ਹੋਇਆ। ਸਦੀਆਂ ਬਾਅਦ ਕੋਈ ਅਜਿਹਾ ਮਨੁੱਖ ਪੈਦਾ ਹੁੰਦਾ ਹੈ। ਸਾਰੀ ਹਯਾਤੀ ਉਹ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਯਤਨਸ਼ੀਲ ਰਹੇ। ਸ਼ੂਗਰ ਦੀ ਬੀਮਾਰੀ ਤੋਂ ਪੀੜਤ ਹੋਣ ਦੇ ਬਾਵਜੂਦ ਉਨ੍ਹਾਂ ਆਪਣੀਆਂ ਸਰਗਰਮੀਆਂ ਵਿਚ ਕੋਈ ਵਿਘਨ ਨਹੀਂ ਪੈਣ ਦਿੱਤਾ। ਉਹ ਉਦੋਂ ਵੀ ਨਾਟਕ ਖੇਡਦੇ ਰਹੇ ਜਦੋਂ ਉਨ੍ਹਾਂ ਨੂੰ ਸਹਾਰੇ ਨਾਲ ਸਟੇਜ ਉਪਰ ਲੈ ਜਾਇਆ ਜਾਂਦਾ ਸੀ।...

ਅੱਜ ਉਹ ਸਾਡੇ ਵਿਚਕਾਰ ਨਹੀਂ ਹਨ। ਇਸ ਮਹਾਂ ਨਾਇਕ ਦਾ ਸਦਾ ਲਈ ਚਲੇ ਜਾਣਾ ਬੜਾ ਦੁਖਦਾਈ ਹੈ। ਸ਼ਰਧਾਂਜਲੀ ਵੇਲੇ ਇਹ ਬੋਲ ਬਾਰ-ਬਾਰ ਸੁਣਦੇ ਰਹੇ...'ਭਾਅ ਜੀ ਕਿਤੇ ਨਹੀਂ ਗਏ। ਉਹ ਇਥੇ ਹੀ ਤੁਰੇ ਫਿਰਦੇ ਨੇ ਸਾਡੇ ਆਸ-ਪਾਸ।' ਇਹ ਸੱਚ ਹੈ, ਉਹ ਇਥੇ ਹੀ ਨੇ ਸਾਡੇ ਆਸ-ਪਾਸ, ਆਪਣੇ ਵਿਚਾਰਾਂ ਨਾਲ, ਆਪਣੇ ਕੀਤੇ ਮਹਾਨ ਕਾਰਜਾਂ ਨਾਲ। ਇਸ ਸਦੀ ਦੇ ਮਹਾਂ ਨਾਇਕ ਨੂੰ ਸਲਾਮ!